HOMEWORK WEEK OF 10/19/2018

We will have a quiz on below definations and essay .

## ਭਾਸ਼ਾ ਦੀ ਪਰਿਭਾਸ਼ਾ

ਜਿਸ ਸਾਧਨ ਦੇ ਦੁਆਰਾ ਅਸੀਂ ਆਪਣੇ ਮਨ ਦੇ ਭਾਵਾਂ ਜਾਂ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਂਦੇ ਹਾਂ, ਉਸ ਨੂੰ ਭਾਸ਼ਾ ਆਖਦੇ ਹਨ।

ਭਾਸ਼ਾ ਦੇ ਤਿੰਨ ਰੂਪ ਹੁੰਦੇ ਹਨ

੧. **ਮੌਖਿਕ ਭਾਸ਼ਾ (ਬੋਲਚਾਲ):** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਬੋਲ ਕੇ ਜਾਂ ਗਲ ਕਰਕੇ ਪ੍ਰਗਟ ਕਰਦੇ ਹਾਂ।

੨. **ਲਿਖਤੀ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਲਿਖ ਕੇ ਜਾਂ ਪੜ੍ਹ ਕੇ ਪ੍ਰਗਟ ਕਰਦੇ ਹਾਂ।

੩. **ਸੰਕੇਤਕ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਸੰਕੇਤਾਂ ਦੇ ਨਾਲ ਪ੍ਰਗਟ ਕਰਦੇ ਹਾਂ।

**ਪ੍ਰਸ਼ਨ 1. ਬੋਲੀ ਜਾਂ ਭਾਸ਼ਾ ਕਿਸ ਨੂੰ ਕਹਿੰਦੇ ਹਨ ?**

**ਉੱਤਰ :** ਕਿਸੇ ਦੇਸ਼ ਜਾਂ ਇਲਾਕੇ ਦੇ ਰਹਿਣ ਵਾਲੇ ਲੋਕ ਆਪਣੇ ਦਿਲ ਦੀ ਗੱਲ ਦੂਜੇ ਮਨੁੱਖ ਤੱਕ ਪਹੁੰਚਾਉਣ ਲਈ ਜੋ ਬੋਲ ਮੂੰਹੋਂ ਕਢਦੇ ਹਨ, ਉਸ ਨੂੰ ਬੋਲੀ ਜਾਂ ਭਾਸ਼ਾ ਕਹਿੰਦੇ ਹਨ। ਹਰੇਕ ਪ੍ਰਾਂਤ ਦੀ ਆਪਣੀ-ਆਪਣੀ ਭਾਸ਼ਾ ਹੁੰਦੀ ਹੈ; ਜਿਵੇਂ : ਪੰਜਾਬ ਦੀ ਪੰਜਾਬੀ, ਬੰਗਾਲ ਦੀ ਬੰਗਾਲੀ ਆਦਿ।

**ਪ੍ਰਸ਼ਨ 2. ਮਾਤ-ਭਾਸ਼ਾ ਕਿਸ ਨੂੰ ਕਹਿੰਦੇ ਹਨ ?**

**ਉੱਤਰ :** ਮਾਤ-ਭਾਸ਼ਾ ਬੱਚੇ ਦੀ ਉਹ ਬੋਲੀ ਹੈ ਜੋ ਉਸਨੂੰ ਆਪਣੀ ਮਾਤਾ ਪਾਸੋਂ ਵਿਰਸੇ ਵਿਚ ਮਿਲਦੀ ਹੈ। ਇਸ ਬੋਲੀ ਰਾਹੀਂ ਉਸ ਨੂੰ ਲੋਰੀਆਂ ਦਿੱਤੀਆਂ ਜਾਂਦੀਆਂ ਹਨ। ਉਹ ਆਪਣੇ ਮਾਤਾ-ਪਿਤਾ ਅਤੇ ਭੈਣ-ਭਰਾਵਾਂ ਨਾਲ ਖ਼ੁਸ਼ੀਆਂ ਵੰਡਦਾ ਹੈ। ਬੰਗਾਲ ਦੀ ਧਰਤੀ ਉੱਤੇ ਜਨਮ ਲੈਣ ਵਾਲੇ ਹਰੇਕ ਬੱਚੇ ਦੀ ਮਾਤ-ਭਾਸ਼ਾ ਬੰਗਾਲੀ ਹੈ; ਬੇਸ਼ੱਕ ਉਹ ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਹੋਵੇ।

**ਪ੍ਰਸ਼ਨ 3. ਲਿਪੀ ਕਿਸ ਨੂੰ ਕਹਿੰਦੇ ਹਨ ? ਪੰਜਾਬੀ ਲਿਖਣ ਲਈ ਕਿਸ ਲਿਪੀ ਦੀ ਵਰਤੋਂ ਹੁੰਦੀ ਹੈ ?**

**ਉੱਤਰ :** ਉਹ ਚਿੰਨ੍ਹ ਜਿਹੜੇ ਕਿਸੇ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਲਿਪੀ ਕਿਹਾ ਜਾਂਦਾ ਹੈ। ਪੰਜਾਬੀ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ।

Read ਮੇਰਾ ਘਰ be able to write 12-15 lines in your own words

## 8. ਮੇਰਾ ਘਰ

ਮੈਂ ਜਲੰਧਰ ਰਹਿੰਦਾ ਹਾਂ। ਮਾਡਲ ਟਾਊਨ ਵਿਚ ਮੇਰਾ ਘਰ ਹੈ। ਇਹ ਪੱਕਾ ਬਣਿਆ ਹੋਇਆ ਹੈ। ਇਹ ਬਹੁਤ ਵੱਡਾ ਤਾਂ ਨਹੀਂ ਪਰ ਗੁਜ਼ਾਰੇ ਲਈ ਕਾਫ਼ੀ ਹੈ। ਇਸ ਦੇ ਕੁੱਲ ਪੰਜ ਕਮਰੇ ਹਨ।

ਬੈਠਕ ਖੁੱਲ੍ਹੀ, ਹਵਾਦਾਰ ਤੇ ਸਾਫ਼ ਹੈ। ਇਸ ਦੇ ਗਲੀ ਵਾਲੇ ਪਾਸੇ ਦੋ ਬਾਰੀਆਂ ਹਨ ਜੋ ਹਵਾ ਤੇ ਚਾਨਣ ਲਈ ਕਾਫ਼ੀ ਹਨ। ਇਕ ਰਸੋਈ ਘਰ ਹੈ। ਨਾਲ ਹੀ ਗੁਸਲਖ਼ਾਨਾ ਹੈ ਜਿਸ ਵਿਚ ਨਲਕਾ ਲੱਗਾ ਹੋਇਆ ਹੈ। ਗੁਸਲਖ਼ਾਨੇ ਦੇ ਪਿਛਲੇ ਪਾਸਿਓਂ ਕੋਠੇ 'ਤੇ ਚੜ੍ਹਨ ਲਈ ਪੌੜੀਆਂ ਹਨ।



ਸਾਮਾਨ ਰੱਖਣ ਲਈ ਸਟੋਰ ਹੈ। ਇਕ ਕਮਰੇ ਵਿਚ ਮੇਰੇ ਪਿਤਾ ਜੀ ਤੇ ਮਾਤਾ ਜੀ ਸੌਂਦੇ ਹਨ, ਦੂਜੇ ਕਮਰੇ ਵਿਚ ਮੈਂ ਤੇ ਮੇਰੀ ਛੋਟੀ ਭੈਣ ਸੌਂਦੇ ਹਾਂ। ਛੋਟੇ ਜਿਹੇ ਪਰਿਵਾਰ ਦਾ ਸਾਡੇ ਇਸ ਮਕਾਨ ਵਿਚ ਸੁਹਣਾ ਗੁਜ਼ਾਰਾ ਹੋ ਰਿਹਾ ਹੈ।

ਵਿਹੜੇ ਵਿਚ ਇਕ ਨਿੱਕੀ ਜਿਹੀ ਬਗ਼ੀਚੀ ਲਾਈ ਹੋਈ ਹੈ। ਮੈਨੂੰ ਫੁੱਲਾਂ ਨਾਲ ਬੜਾ ਪਿਆਰ ਹੈ। ਛੱਤ ਦੇ ਉੱਪਰ ਇਕ ਛੋਟਾ ਜਿਹਾ ਕਮਰਾ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ।

ਵਿਆਕਰਣ: ਕਿਸੇ ਬੋਲੀ ਨੂੰ ਸ਼ੁੱਧ ਅਤੇ ਸਹੀ ਢੰਗ ਨਾਲ ਪੜਣ ਅਤੇ ਲਿਖਣ ਲਈ ਬਣਾਏ ਗਏ ਨਿਯਮਾਂ ਨੂੰ ਵਿਆਕਰਣ ਕਿਹਾ ਜਾਂਦਾ ਹੈ।

ਇਸ ਦੇ ਤਿੰਨ ਭਾਗ ਹੁੰਦੇ ਹਨ:

ਅੱਖਰ ਬੋਧ ~ ਇਸ ਵਿੱਚ ਅੱਖਰਾਂ, ਲਗਾਂ-ਮਾਤਰਾਂ ਦਾ ਪਤਾ ਲੱਗਦਾ ਹੈ।

ਸ਼ਬਦ ਬੋਧ ~ ਇਸ ਵਿੱਚ ਅੱਖਰਾਂ ਤੋਂ ਸ਼ਬਦ ਬਨਾਉਣ ਤੇ ਵੰਡ ਦਾ ਪਤਾ ਲੱਗਦਾ ਹੈ।

ਵਾਕ ਬੋਧ ~ ਇਸ ਵਿੱਚ ਵਾਕਾਂ ਦੀ ਬਣਤਰ, ਵੰਡ ਅਤੇ ਵਿਸ਼ਰਾਮ ਚਿੰਨਾਂ ਦਾ ਪਤਾ ਲੱਗਦਾ ਹੈ।

~ ਜਿਸ ਤੋਂ ਭਾਸ਼ਾ ਦਾ ਸ਼ੁੱਧ ਅਤੇ ਰੂਪ ਦਾ ਪਤਾ ਲੱਗਦਾ ਹੈ

~ ਕਿਵੇਂ ਲਿਖਣਾ

~ ਵਾਕ ਵਿੱਚ ਕਿਹੜਾ ਸ਼ਬਦ ਪਹਿਲਾਂ ਆਉਣਾ ਤੇ ਕਿਹੜਾ ਪਿੱਛੋਂ

## EXAMPLES :

ਉਹ ਕੁੜੀ ਚਲਾ ਗਿਆ।

ਨਹੀਂ ਖਾਧਾ ਮੈਂ ਰੋਟੀ ਅੱਜ।

ਮੈਂ ਪਾਣੀ ਪੀਤੀ।

ਸੁਹਣਾ ~ ਭਾਈ ਸੈਹਬ ~ ਤੇਜਾ ਸਿੰਗ

**ਅਸੀਂ ਕਿਸ ਤਰਾਂ ਦੱਸ ਸਕਦੇ ਹਾਂ ਕੇ ਇਹ ਸ਼ਬਦ, ਵਾਕ ਸਹੀ ਜਾਂ ਗਲਤ ਹਨ ?**

(ਇਹ ਸਾਨੂੰ ਨਿਯਮਾਂ ਤੋਂ ਪਤਾ ਲੱਗਦਾ ਹੈ ~ ਜੋ ਹੈ ਵਿਆਕਰਣ)

## 2. ਸ਼ਬਦ (ੌਰਦ)

ਦੋ ਜਾਂ ਦੋ ਤੋਂ ਵੱਧ ਅੱਖਰਾਂ ਦੇ ਸਮੂਹ ਨੂੰ ਸ਼ਬਦ ਆਖਦੇ ਹਨ। ਜਿਵੇਂ : ਤਰ = ਤ+ਰ, ਕਮਲ = ਕ+ਮ+ਲ

ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ

**ਸਾਰਥਕ ਸ਼ਬਦ** : ਉਹ ਸ਼ਬਦ ਹੈ ਜਿਸ ਦੇ ਕੁਝ ਅਰਥ ਨਿਕਲਣ, ਜਿਵੇਂ - ਰੋਟੀ, ਪਾਣੀ, ਚਾਹ।

**ਨਿਰਾਰਥਕ ਸ਼ਬਦ**: ਉਹ ਸ਼ਬਦ ਹੈ ਜਿਸਦਾ ਕੋਈ ਅਰਥ ਨਹੀਂ ਨਿਕਲਦਾ। ਜਿਵੇਂ - ਰੂਟੀ, ਧਾਣੀ, ਚੂਹ।

**ਸਾਰਥਕ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ।**

**ਵਿਕਾਰੀ ਸ਼ਬਦ**: ਉਹ ਸ਼ਬਦ ਹਨ, **ਜਿਹਨਾਂ ਦਾ ਰੂਪ ਬਦਲ ਜਾਂਦਾ ਹੈ।** ਇਹ ਸ਼ਬਦ ਚਾਰ ਪ੍ਰਕਾਰ ਦੇ ਹੁੰਦੇ ਹਨ।

੧. ਨਾਂਵ ੨. ਪੜਨਾਂਵ ੩. ਵਿਸ਼ੇਸ਼ਣ ੪. ਕਿਰਿਆ

**ਅਵਿਕਾਰੀ ਸ਼ਬਦ:** ਉਹ ਸ਼ਬਦ ਹਨ, **ਜਿਹਨਾਂ ਦਾ ਰੂਪ ਸਦਾ ਇਕੋ ਜਿਹਾ ਰਹਿੰਦਾ ਹੈ।** ਇਹ ਸ਼ਬਦ ਚਾਰ ਪ੍ਰਕਾਰ ਦੇ ਹੁੰਦੇ ਹਨ।

੧ ਕਿਰਿਆ ਵਿਸ਼ੇਸ਼ਣ ੨ ਸੰਬੰਧਕ ੩ ਯੋਜਕ ੪ ਵਿਸਮਿਕ

# Gurubani and virsa homework

1. ਗੁਰੂ ਗ੍ਰੰਥ, ਗੁਰੂ ਪੰਥ Question –

# ਸੱਚੀ ਪੜ੍ਹਾਈ

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ, ਪਿੰਡ ਦੇ ਹਾਕਮ ਰਾਏ ਬੁਲਾਰ ਪਾਸ ਪਟਵਾਰੀ ਸਨ। ਗੁਰੂ ਜੀ ਜਦੋਂ ਸੱਤ ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਪਿੰਡ ਦੇ ਪਾਂਧੇ ਗੁਪਾਲ ਦਾਸ ਪਾਸ ਹਿਸਾਬ-ਕਿਤਾਬ ਅਤੇ ਦੇਵਨਾਗਰੀ ਸਿੱਖਣ ਲਈ ਭੇਜਣਾ ਸ਼ੁਰੂ ਕੀਤਾ।

ਇਕ ਦਿਨ ਗੁਰੂ ਜੀ ਫੱਟੀ ਅੱਗੇ ਰਖ ਕੇ ਚੁੱਪ ਕਰ ਕੇ ਬੈਠੇ ਸਨ। ਗੁਰੂ ਜੀ ਨੂੰ ਇਸ ਤਰ੍ਹਾਂ ਬੈਠੇ ਦੇਖ ਕੇ ਪਾਂਧੇ ਨੇ ਪੁੱਛਿਆ, "ਨਾਨਕ, ਤੂੰ ਆਪਣਾ ਪਾਠ ਕਿਉਂ ਨਹੀਂ ਯਾਦ ਕਰਦਾ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਹ ਪਾਠ ਯਾਦ ਕਰਨ ਦਾ ਕੀ ਲਾਭ ਜਿਹੜਾ ਸਵਾਏ ਤੋਂ ਡੇਢੇ ਤੇ ਡੇਢਿਆਂ ਤੋਂ ਦੁਗਣੇ ਕਰਨ ਦੇ ਹੀ ਢੰਗ ਦੱਸਦਾ ਹੈ। ਇਹ ਪਾਠ ਇਹ ਨਹੀਂ ਦੱਸਦਾ ਕਿ ਕਿਵੇਂ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।"

ਪਾਂਧੇ ਨੇ ਕਿਹਾ, "ਨਾਨਕ, ਮੈਂ ਤਾਂ ਗਿਣਤੀ ਮਿਣਤੀ ਵਾਲੀ ਹੀ ਪੜ੍ਹਾਈ ਸਿੱਖੀ ਹੈ ਅਤੇ ਇਹ ਹੀ ਸਿਖਾਉਂਦਾ ਆ ਰਿਹਾ ਹਾਂ। ਜੇ ਤੈਨੂੰ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਵਾਲੀ ਪੜ੍ਹਾਈ ਆਉਂਦੀ ਹੈ ਤਾਂ ਉਹ ਮੈਨੂੰ ਦੱਸ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਸ ਕਲਮ ਅਤੇ ਸਿਆਹੀ ਨਾਲ ਇਸ ਫੱਟੀ ਉੱਪਰ ਲਿਖਣਾ ਅਤੇ ਪੜ੍ਹਨਾ ਸੰਸਾਰਕ ਕਿਰਿਆ ਹੈ, ਜਿਸ ਨਾਲ ਮਨ ਇਸ ਦੁਨੀਆਂ ਦੇ ਧੰਦਿਆਂ ਵਿਚ ਫਸਦਾ ਹੈ ਅਤੇ ਜੀਵ ਨੂੰ ਬੰਧਨ ਪੈਂਦੇ ਹਨ। ਬੰਧਨਾਂ ਵਿਚ ਫਸੇ ਹੋਏ ਜੀਵ ਦੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਸੱਚੀ ਲਿਖਾਈ-ਪੜ੍ਹਾਈ ਨਾਲ ਇਸ ਦੁਨੀਆਂ ਦੇ ਬੰਧਨਾਂ ਤੋਂ ਮੋਹ ਟੁਟਦਾ ਹੈ ਅਤੇ ਮਨ ਵਿਕਾਰਾਂ ਤੋਂ ਛੁੱਟਦਾ ਹੈ। ਮਨ ਦੇ ਨਿਰਮਲ ਹੋਣ ਉਪ੍ਰੰਤ ਇਸ ਵਿਚ ਸ਼ੁਭ ਵਿਚਾਰ ਉਪਜਦੇ ਹਨ। ਉਹ ਸੱਚੀ ਪੜ੍ਹਾਈ, ਇਸ ਦੁਨੀਆਂ ਨੂੰ ਪੈਦਾ ਕਰਨ ਵਾਲੇ ਅਤੇ ਇਸਦੀ ਦੇਖਭਾਲ ਕਰਨ ਵਾਲੇ ਦੀ ਉਸਤਤ ਵੱਲ ਪ੍ਰੇਰਦੀ ਹੈ। ਉਸਦੇ ਗੁਣ ਗਾਉਣ ਨਾਲ ਤਨ ਮਨ ਸੁਖੀ ਹੁੰਦਾ ਹੈ ਅਤੇ ਮਨ ਵਿੱਚੋਂ ਜਨਮ-ਮਰਨ ਦਾ ਡਰ ਸਦਾ ਲਈ ਦੂਰ ਹੋ ਜਾਂਦਾ ਹੈ।"

ਪਾਂਧੇ ਨੇ ਕਿਹਾ, "ਹੇ ਨਾਨਕ, ਜੋ ਕੁਝ ਮੈਨੂੰ ਆਉਂਦਾ ਸੀ, ਉਹ ਮੈਂ ਤੈਨੂੰ ਦੱਸ ਦਿੱਤਾ। ਇਹ ਸੱਚੀ ਪੜ੍ਹਾਈ ਮੈਨੂੰ ਨਹੀਂ ਆਉਂਦੀ। ਮੈਂ ਇਹ ਨਹੀਂ ਪੜ੍ਹਾ ਸਕਦਾ।" ਗੁਰੂ ਜੀ ਨੇ ਸਾਰੀ ਕਹਾਣੀ ਘਰ ਆ ਕੇ ਦੱਸ ਦਿੱਤੀ। ਉਨ੍ਹਾਂ ਦਿਨਾਂ ਵਿਚ ਗੁਰੂ ਜੀ ਅਜੇ ਸਿਰਫ਼ ਤੇਰ੍ਹਾਂ ਸਾਲਾਂ ਦੇ ਹੀ ਸਨ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਫ਼ਾਰਸੀ ਸਿੱਖਣ ਲਈ ਮੌਲਵੀ ਕੁਤਬਦੀਨ ਪਾਸ ਭੇਜਣਾ ਅਰੰਭ ਕਰ ਦਿੱਤਾ। ਇਕ ਦਿਨ ਗੁਰੂ ਜੀ ਨੇ ਮੌਲਵੀ ਨੂੰ ਪੁੱਛਿਆ, "ਇਨ੍ਹਾਂ ਅਲਫ਼, ਬੇ ਆਦਿ ਅੱਖਰਾਂ ਦੇ ਕੀ ਅਰਥ ਹਨ ?" ਮੌਲਵੀ ਪਾਸੋਂ ਇਸ ਤਰ੍ਹਾਂ ਦਾ ਸਵਾਲ ਪਹਿਲਾਂ ਕਦੇ ਕਿਸੇ ਨੇ ਪੁੱਛਿਆ ਨਹੀਂ ਸੀ। ਉਸਨੂੰ ਕੋਈ ਉੱਤਰ ਨਾ ਸੁਝਿਆ ਤਾਂ ਉਸ ਨੇ ਕਿਹਾ, "ਨਾਨਕ, ਤੂੰ ਹੀ ਦੱਸ ਇਨ੍ਹਾਂ ਦੇ ਕੀ ਅਰਥ ਹਨ ?" ਗੁਰੂ ਜੀ ਨੇ ਮੌਲਵੀ ਨੂੰ ਅਲਫ਼ ਤੋਂ ਯੇ ਤਕ ਦੇ ਸਾਰੇ ਅੱਖਰਾਂ ਦੇ ਅਰਥ ਪਰਮਾਤਮਾ ਦੀ ਉਸਤਤ ਵਿਚ ਸੁਣਾ ਦਿੱਤੇ। ਗੁਰੂ ਜੀ ਪਾਸੋਂ ਅੱਖਰਾਂ ਦੇ ਅਰਥ ਸੁਣ ਕੇ ਮੌਲਵੀ ਨੇ ਸਮਝ ਲਿਆ ਕਿ ਜੇ ਵਿਚਾਰ ਕੀਤਾ ਜਾਵੇ ਤਾਂ ਇਹ ਦੁਨਿਆਵੀ ਪੜ੍ਹਾਈ ਪਰਮਾਤਮਾ ਦੀਆਂ ਸਿਫ਼ਤਾਂ ਹਨ। ਸਿਫ਼ਤਾਂ ਦਾ ਵਿਚਾਰਨਾ ਹੀ ਸੱਚੀ ਪੜ੍ਹਾਈ ਹੈ।

Harnoor this is for you ☺

## 6. ਸਾਰਸ ਤੇ ਲੂੰਮੜ

ਕਿਸੇ ਜੰਗਲ ਵਿਚ ਇਕ ਸਾਰਸ ਅਤੇ ਲੂੰਮੜ ਕੋਲ-ਕੋਲ ਰਹਿੰਦੇ ਸਨ। ਹੌਲ਼ੀ-ਹੌਲ਼ੀ ਉਹ ਇਕ ਦੂਜੇ ਦੇ ਮਿੱਤਰ ਬਣ ਗਏ। ਲੂੰਮੜ ਬੜਾ ਚਲਾਕ ਸੀ। ਉਸ ਨੇ ਸਾਰਸ ਦਾ ਮੌਜੂ ਉਡਾਉਣ ਦੀ ਵਿਉਂਤ ਬਣਾਈ ਤੇ ਇਕ ਦਿਨ ਉਸ ਨੇ ਉਸ ਨੂੰ ਰੋਟੀ ਖਾਣ ਲਈ ਆਪਣੇ ਘਰ ਸੱਦਿਆ।

ਸਾਰਸ ਨੇ ਉਸਦਾ ਸੱਦਾ ਪਰਵਾਨ ਕੀਤਾ। ਸ਼ਾਮ ਨੂੰ ਸਾਰਸ ਰੋਟੀ ਖਾਣ ਆ ਗਿਆ। ਲੂੰਮੜ ਨੇ ਉਸ ਨੂੰ ਆਦਰ ਨਾਲ ਬਿਠਾਇਆ ਤੇ ਉਸ ਦੇ ਅੱਗੇ ਇਕ ਚੌੜੀ ਪਲੇਟ ਰੱਖੀ ਜਿਸ ਵਿਚ ਪਤਲੀ ਜਿਹੀ ਖੀਰ ਸੀ। ਲੂੰਮੜ ਆਪ ਤਾਂ ਸ਼ਪਾ-ਸ਼ਪ ਖੀਰ ਖਾਈ ਜਾਵੇ ਪਰ ਲੰਮੀ ਚੁੰਝ ਵਾਲਾ ਵਿਚਾਰਾ ਸਾਰਸ ਪਲੇਟ 'ਤੇ ਠੂੰਗੇ ਮਾਰਨ



ਲੱਗਾ। ਹੋਰ ਕੋਈ ਚਾਰਾ ਨਹੀਂ ਸੀ। ਐਵੇਂ ਥੋੜ੍ਹੀ-ਥੋੜ੍ਹੀ ਖੀਰ ਉਸਦੀ ਚੁੰਝ ਨਾਲ ਲੱਗਦੀ ਸੀ। ਚਲਾਕ ਲੂੰਮੜ ਵੇਖ ਕੇ ਵਿੱਚੋ-ਵਿਚ ਹੱਸਦਾ ਸੀ।

ਸਾਰਸ ਵਿਚਾਰਾ ਭੁੱਖਾ ਹੀ ਉੱਠ ਆਇਆ ਪਰ ਉਸਨੇ ਲੂੰਮੜ ਤੋਂ ਬਦਲਾ ਲੈਣ ਦੀ ਪੱਕੀ ਧਾਰ ਲਈ। ਪੰਜ ਦਿਨਾਂ ਮਗਰੋਂ ਉਸਨੇ ਵੀ ਲੂੰਮੜ ਨੂੰ ਰੋਟੀ ਖਾਣ ਲਈ ਆਪਣੇ ਘਰ ਸੱਦਿਆ। ਲੂੰਮੜ ਜੀਭ ਸੁਆਰਦਾ ਹੋਇਆ ਸਾਰਸ ਦੇ ਘਰ ਪਹੁੰਚ ਗਿਆ।

ਸਾਰਸ ਨੇ ਇਕ ਲੰਮੀ ਤੇ ਭੀੜੇ ਮੂੰਹ ਵਾਲੀ ਸੁਰਾਹੀ ਉਸ ਦੇ ਅੱਗੇ ਲਿਆ ਕੇ ਰੱਖ ਦਿੱਤੀ। ਉਸ ਵਿਚ ਖੀਰ ਭਰੀ ਪਈ ਸੀ। ਹੁਣ ਲੂੰਮੜ ਨੂੰ ਆਪਣੇ ਕੀਤੇ ਦਾ ਫਲ ਭੁਗਤਣਾ ਪਿਆ। ਸਾਰਸ ਲੰਮੀ ਚੁੰਝ ਨਾਲ ਬੜੇ ਸੁਆਦ ਨਾਲ ਸੁਰਾਹੀ ਵਿਚ ਚੁੰਝ ਡੋਬ ਕੇ ਖੀਰ ਖਾਈ ਜਾ ਰਿਹਾ ਸੀ ਤੇ ਭੁੱਖਾ ਲੂੰਮੜ ਸੁਰਾਹੀ ਨੂੰ ਬਾਹਰੋਂ ਹੀ ਚੱਟ ਰਿਹਾ ਸੀ। ਇਸ ਤਰ੍ਹਾਂ ਉਹ ਸਾਰਸ ਦਾ ਤਮਾਸ਼ਾ ਵੇਖਦਾ ਰਿਹਾ ਲੰਮੂੜ ਤੇ ਆਪਣੇ ਮਨ ਵਿਚ ਹੀ ਝੂਰਦਾ ਰਿਹਾ।

ਸਿੱਖਿਆ— ਜੈਸੇ ਨੂੰ ਤੈਸਾ।

## 7. ਲੂੰਮੜੀ ਤੇ ਬੱਕਰੀ

ਇਕ ਲੂੰਮੜੀ ਨੂੰ ਬੜੀ ਪਿਆਸ ਲੱਗੀ। ਉਹ ਪਾਣੀ ਲੱਭ ਰਹੀ ਸੀ। ਉਹ ਇਕ ਖੂਹ 'ਤੇ ਪਹੁੰਚੀ ਅਤੇ ਉਸ ਨੇ ਖੂਹ ਵਿਚ ਝਾਤੀ ਮਾਰੀ। ਉਸਦੇ ਪੈਰ ਤਿਲਕ ਗਏ ਤੇ ਉਹ ਖੂਹ ਵਿਚ ਡਿੱਗ ਪਈ। ਖੂਹ ਬਹੁਤ ਡੂੰਘਾ ਨਹੀਂ ਸੀ।



ਥੋੜ੍ਹੀ ਦੇਰ ਮਗਰੋਂ ਉੱਥੇ ਇਕ ਬੱਕਰੀ ਆ ਗਈ। ਉਸ ਨੇ ਖੂਹ ਵਿਚ ਦੇਖਿਆ ਕਿ ਇਕ ਲੂੰਮੜੀ ਖੂਹ ਵਿਚ ਖੜ੍ਹੀ ਹੈ। ਲੂੰਮੜੀ ਬੜੀ ਚਲਾਕ ਸੀ। ਬੱਕਰੀ ਨੂੰ ਕਹਿਣ ਲੱਗੀ, "ਓ ਭੈਣ! ਖੂਹ ਵਿਚ ਛਾਲ ਮਾਰ ਕੇ ਮੇਰੇ ਪਾਸ ਆ ਜਾ, ਇੱਥੇ ਬੜਾ ਠੰਢਾ ਤੇ ਮਿੱਠਾ ਪਾਣੀ ਹੈ।" ਮੂਰਖ ਬੱਕਰੀ ਉਸ ਦੀ ਚਾਲ ਨੂੰ ਨਾ ਸਮਝ ਸਕੀ ਤੇ ਉਸਨੇ ਖੂਹ ਵਿਚ ਛਾਲ ਮਾਰ ਦਿੱਤੀ। ਲੂੰਮੜੀ ਝੱਟ ਛਾਲ ਮਾਰ ਕੇ ਬੱਕਰੀ ਦੀ ਪਿੱਠ 'ਤੇ ਚੜ੍ਹ ਗਈ ਅਤੇ ਖੂਹ ਵਿਚੋਂ ਬਾਹਰ ਨਿਕਲ ਆਈ। ਬੱਕਰੀ ਖੂਹ ਵਿਚ ਹੀ ਰਹਿ ਗਈ ਤੇ ਆਪਣੀ ਮੂਰਖਤਾ 'ਤੇ ਪਛਤਾਉਣ ਲੱਗੀ।

**ਸਿੱਖਿਆ**— ਕੋਈ ਕੰਮ ਕਰਨ ਤੋਂ ਪਹਿਲੇ ਚੰਗੀ ਤਰ੍ਹਾਂ ਸੋਚੋ।